ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।
ਨੇੜੇ Website:-www.educationrecrutimentboard.com
ਗੁਰੂਦੁਆਰਾ ਸਾਚਾ ਧੰਨ ਸਾਹਿਬ,
(ਮਾਈਕਰੋਸਾਫ਼ਟ ਬਿਲਡਿੰਗ)
ਫੇਜ਼ 3 ਬੀ-1, ਐਸ.ਏ.ਐਸ.ਨਗਰ (ਮੋਹਾਲੀ) ਪਿੰਨ 160055

ਵਿਗਿਆਪਨ ਨੰਬਰ E369149ERD-ERD0ERDG/215/2022-General ਭਸ (3)/2022 314936 ਮਿਤੀ 01.12.2022

# ਸੋਧ ਪੱਤਰ

ਸਿੱਖਿਆ ਵਿਭਾਗ ਪੰਜਾਬ ਵੱਲੋਂ ਡੀ.ਪੀ.ਆਈ.(ਐਸਿ) ਪੰਜਾਬ ਦੇ ਮੀਮੋ ਨੰਬਰ DPIEE-EST207/54/2022- DPIEE1/439126 ਮਿਤੀ 07.10.2022 ਅਨੁਸਾਰ ਈ.ਟੀ.ਟੀ. ਕਾਡਰ ਦੀਆਂ 5994 ਆਮੀਆਂ ਭਰਨ ਸਬੰਧੀ ਇਸ ਦਫ਼ਤਰ ਵੱਲੋਂ ਵਿਗਿਆਪਨ ਨੰ. E369149ERD-ERD0ERDG/215/2022-General ਭਸ (3)/ 2022 ਮਿਤੀ 12.10.2022 ਜਾਰੀ ਕਰਕੇ ਯੋਗ ਉਮੀਦਵਾਰਾਂ ਤੋਂ ਮਿਤੀ 10.11.2022 ਤੱਕ ਆਨਲਾਈਨ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ। ਵਿਗਿਆਪਨ ਵਿੱਚ ਦਰਜ਼ ਮੱਦ "**ਚੋਣ ਦੇ ਢੰਗ**" ਵਿੱਚ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ) ਦੇ ਨੰਬਰ 1/2/2022-5 ਪੀ.ਪੀ.1/659 ਮਿਤੀ 16.11.2022 ਅਨੁਸਾਰ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ 1994 ਦੇ ਨਿਯਮ ਵਿੱਚ ਪੰਜਾਬ ਸਰਕਾਰ ਦੇ ਗਜ਼ਟ ਵਿੱਚ ਛਪੀ ਅਧਿਸੂਚਨਾਂ ਨੰ.G.S.R.72/Const./Art.309/Amd(22)/2022 ਮਿਤੀ 28 ਅਕਤੂਬਰ 2022 ਅਨੁਸਾਰ ਸੋਧ ਕੀਤੀ ਜਾਂਦੀ ਹੈ:-

"Provided that no person shall be appointed to any post in Group-C service unless he has passed a qualifying test of Punjabi Language equivalent to Matriculation standard with at least fifty per cent marks, to be conducted by respective recruitment agencies in addition to competitive examination. The test of Punjabi Language shall be mandatory qualifying test and failure to secure a minimum of fifty per cent marks in Punjabi Language will disqualify the candidate for being considered in the final merit list of candidates to be selected irrespective of their scores or marks in other papers of the respective exam:

Provided further that where it person."

ਉਕਤ ਅਧਿਸੂਚਨਾਂ ਅਨੁਸਾਰ ਮਿਤੀ 12.10.2022 ਨੂੰ ਵਿਗਿਆਪਤ ਅਸਾਮੀਆਂ ਲਈ "**ਚੋਣ ਦੇ ਢੰਗ**" ਵਿੱਚ ਹੇਠ ਅਨੁਸਾਰ ਸੋਧ ਕੀਤੀ ਜਾਂਦੀ ਹੈ:-

1. ਇਨ੍ਹਾਂ ਅਸਾਮੀਆਂ ਦੀ ਭਰਤੀ ਕਰਨ ਲਈ ਪੰਜਾਬੀ ਵਿਸ਼ੇ ਦਾ ਪੇਪਰ ('ਪੇਪਰ ਏ') ਲਿਆ ਜਾਵੇਗਾ, ਜਿਸ ਵਿੱਚ 100 ਪ੍ਰਸ਼ਨ ਹੋਣਗੇ ਅਤੇ ਇਸ ਪੇਪਰ ਦਾ ਸਮਾਂ 100 ਮਿੰਟ ਦਾ ਹੋਵੇਗਾ।ਇਹ ਪੇਪਰ Qualifying Nature ਦਾ ਹੋਵੇਗਾ।ਜਿਸ ਵਿੱਚ ਘੱਟੋ-ਘੱਟ 50 ਅੰਕ ਲੈਣ ਵਾਲੇ ਉਮੀਦਵਾਰ ਨੂੰ ਹੀ ਯੋਗ ਐਲਾਨਿਆ ਜਾਵੇਗਾ।

   **ਮੈਰਿਟ ਬਣਾਉਣ ਸਮੇਂ ਇਸ ਪੇਪਰ (ਪੇਪਰ -ਏ) ਵਿੱਚ ਪ੍ਰਾਪਤ ਅੰਕ ਨਹੀਂ ਜੋੜੇ ਜਾਣਗੇ।**

2. ਦੂਜਾ ਪੇਪਰ (ਪੇਪਰ-ਬੀ) ਛੇ ਵਿਸ਼ਿਆ (Punjabi, English, Hindi, Math, General Science, Social Science) ਵਿੱਚੋਂ ਲਿਆ ਜਾਵੇਗਾ।ਇਸ ਪੇਪਰ ਵਿੱਚ 100 Objective Question (ਓਬਜੈਕਟਿਵ ਪ੍ਰਸ਼ਨ) ਹੋਣਗੇ ਅਤੇ ਇਹ ਪੇਪਰ 200 ਅੰਕਾਂ ਦਾ ਹੋਵੇਗਾ।ਇਸ ਪੇਪਰ ਦਾ ਸਮਾਂ 100 ਮਿੰਟ ਦਾ ਹੋਵੇਗਾ।
   - **ਉਮੀਦਵਾਰਾਂ ਦੀ ਮੈਰਿਟ ਪੇਪਰ ਬੀ ਦੇ ਅਧਾਰਿਤ ਅੰਕਾਂ ਤੇ ਹੀ ਬਣਾਈ ਜਾਵੇਗੀ।**
   - **ਬਾਕੀ ਸ਼ਰਤਾਂ ਅਤੇ ਬਾਨਾਂ ਪਹਿਲਾਂ ਵਾਲੀਆਂ ਹੀ ਹੋਣਗੀਆਂ।**
   - **ਇਨ੍ਹਾਂ ਅਸਾਮੀਆਂ ਲਈ ਨਿਰਧਾਰਿਤ ਕੀਤਾ ਗਿਆ ਸਿਲੇਬਸ ਵਿਭਾਗ ਦੀ ਵੈਬਸਾਈਟ ਤੇ ਉਪਲੱਬਧ ਹੈ।**

ਸਹਾਇਕ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,
ਪੰਜਾਬ ਐਸ.ਏ.ਐਸ.ਨਗਰ